# Visit of Vice President to the UAE to convey condolences on passing away of HH Sheikh Khalifa bin Zayed Al Nahyan

May 14, 2022

...................

## ਮਹਾਮਹਿਮ ਸ਼ੇਖ ਖਲੀਫਾ ਬਿਨ ਜ਼ਾਇਦ ਅਲ ਨਾਹਯਾਨ ਦੇ ਦੇਹਾਂਤ 'ਤੇ ਸੋਗ ਪ੍ਰਗਟ ਕਰਨ ਲਈ ਉਪ ਰਾਸ਼ਟਰਪਤੀ ਵੱਲੋਂ ਯੂਏਈ ਦਾ ਦੌਰਾ

**14 ਮਈ, 2022**

ਉਪ ਰਾਸ਼ਟਰਪਤੀ ਸ਼੍ਰੀ ਐਮ ਵੈਂਕਈਆ ਨਾਇਡੂ **15** ਮਈ**, 2022** ਨੂੰ ਯੂਏਈ ਦੇ ਰਾਸ਼ਟਰਪਤੀ ਅਤੇ ਆਬੂਧਾਬੀ ਦੇ ਸ਼ਾਸਕ ਮਹਾਮਹਿਮ ਸ਼ੇਖ ਖਲੀਫਾ ਬਿਨ ਜਾਏਦ ਅਲ ਨਾਹਯਾਨ ਦੇ ਦੁਖਦਾਈ ਦੇਹਾਂਤ ਦੇ ਮੌਕੇ ਭਾਰਤ ਸਰਕਾਰ ਦੀ ਤਰਫੋਂ **UAE** ਦੇ ਆਗੂਆਂ ਨਾਲ ਅਫਸੋਸ ਪ੍ਰਗਟ ਕਰਨ ਲਈ **UAE** ਦਾ ਦੌਰਾ ਕਰਨਗੇ।

ਯੂਏਈ ਦੇ ਸਾਬਕਾ ਰਾਸ਼ਟਰਪਤੀ ਅਤੇ ਅਬੂ ਧਾਬੀ ਦੇ ਸ਼ਾਸਕ ਮਹਾਮਾਹਿਮ ਸ਼ੇਖ ਖਲੀਫਾ ਬਿਨ ਜਾਏਦ ਅਲ ਨਾਹਯਾਨ ਦਾ **13** ਮਈ**, 2022** ਨੂੰ ਦਿਹਾਂਤ ਹੋ ਗਿਆ ਸੀ। ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਮਹਾਮਹਿਮ ਸ਼ੇਖ ਖਲੀਫਾ ਬਿਨ ਜਾਏਦ ਅਲ ਨਾਹਯਾਨ ਦੇ ਦੇਹਾਂਤ **'**ਤੇ ਸੋਗ ਪ੍ਰਗਟ ਕੀਤਾ ਹੈ। ਵਿਦੇਸ਼ ਮੰਤਰੀ ਡਾ**.** ਐੱਸ**.** ਜੈਸ਼ੰਕਰ ਨੇ **14** ਮਈ**, 2022** ਨੂੰ ਭਾਰਤ ਵੱਲੋਂ ਸੰਵੇਦਨਾ ਪ੍ਰਗਟ ਕਰਨ ਲਈ ਨਵੀਂ ਦਿੱਲੀ ਵਿਖੇ ਸਥਿਤ ਯੂਏਈ ਦੀ ਅੰਬੈਸੀ ਦਾ ਦੌਰਾ ਕੀਤਾ। ਭਾਰਤ ਅੰਦਰ **14** ਮਈ **2022** ਨੂੰ ਰਾਸ਼ਟਰੀ ਸੋਗ ਵੀ ਰੱਖਿਆ ਗਿਆ ਹੈ।

ਮਹਾਮਹਿਮ ਸ਼ੇਖ ਖਲੀਫਾ ਬਿਨ ਜ਼ਾਯਦ ਅਲ ਨਾਹਯਾਨ ਦੀ ਅਗਵਾਈ ਹੇਠ ਭਾਰਤ**-**ਯੂਏਈ ਦਰਮਿਆਨ ਸਬੰਧਾਂ ਕਾਰਨ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਆਪਸੀ ਲਾਭ ਹੋਇਆ ਹੈ**,** ਜਿਸ ਸਦਕਾ ਉਨ੍ਹਾਂ ਨੂੰ ਬਹੁਤ ਖੁਸ਼ਹਾਲੀ ਮਿਲੀ ਹੈ। ਉਨ੍ਹਾਂ ਨੇ ਯੂਏਈ ਵਿੱਚ ਰਹਿ ਰਹੇ ਵੱਡੇ ਭਾਰਤੀ ਭਾਈਚਾਰੇ ਦੀ ਅਦੁੱਤੀ ਦੇਖਭਾਲ ਕੀਤੀ**,** ਅਤੇ ਉਹ ਲੋਕਾਂ ਦੇ ਮਨ **'**ਚ ਉਨ੍ਹਾਂ ਪ੍ਰਤੀ ਬਹੁਤ ਸਨਮਾਨ ਸੀ।

ਦੋਵੇਂ ਦੇਸ਼ ਨਵੇਂ ਅਤੇ ਵੱਖ ਵੱਖ ਖੇਤਰਾਂ ਵਿੱਚ ਆਪਣੇ ਇਤਿਹਾਸਕ ਅਤੇ ਵਿਆਪਕ ਰਣਨੀਤਕ ਸਬੰਧਾਂ ਨੂੰ ਅੱਗੇ ਵਧਾਉਣਾ ਜਾਰੀ ਰੱਖਣਗੇ।

ਨਵੀਂ ਦਿੱਲੀ

**14 ਮਈ, 2022**

DISCLAIMER: This is an approximate translation. The original is available in English on MEA's website and may be referred to as the official press release.